# ਨਵਾਂ ਸ਼ਿਵਾਲਾ

'ਨਵਾਂ-ਸ਼ਿਵਾਲਾ' ਲੇਖ ਸੰਗ੍ਰਹਿ ਪਹਿਲੀ ਵਾਰ 1947 ਵਿੱਚ ਪ੍ਰਕਾਸ਼ਿਤ ਹੋਇਆ। 'ਮੇਰੀਆਂ ਅਭੁੱਲ ਯਾਦਾਂ' ਵੀ 1947 ਵਿੱਚ ਹੀ ਪ੍ਰਕਾਸ਼ਿਤ ਹੋਈਆਂ ਅਤੇ 'ਜ਼ਿੰਦਗੀ ਦੀ ਰਾਸ' 1957 ਵਿੱਚ ਪ੍ਰਕਾਸ਼ਿਤ ਹੋਇਆ ਹੈ। 'ਨਵਾਂ ਸ਼ਿਵਾਲਾ' ਲੇਖ ਸੰਗ੍ਰਹਿ ਵਿੱਚ ਪ੍ਰੀਤਲੜੀ ਨੇ ਜੀਵਨ, ਵਤਨ, ਮਜ਼ਹਬ, ਵਾਤਾਵਰਣ, ਕਲਾ, ਕਲਾਕਾਰ,ਟੱਪਰੀਵਾਸ ਅਤੇ ਜਰਾਇਮ ਪੇਸ਼ਾ ਅਣਗੌਲੇ ਲੋਕਾਂ ਬਾਰੇ ਲਿਖਦੇ ਹੋਏ ਨਵੀਂ ਦੁਨੀਆਂ ਦੇ ਸੋਹਣੇ ਸੁਪਨਿਆਂ ਨੂੰ ਪੇਸ਼ ਕੀਤਾ ਹੈ। ਇਸ ਲੇਖ ਸੰਗ੍ਰਹਿ ਵਿੱਚ ਲੇਖਕ ਮਾਨਵੀ ਜ਼ਿੰਦਗੀ ਨੂੰ ਸੰਗਠਿਤ ਰੂਪ ਵਿੱਚ ਦੇਖਦਾ ਹੈ।ਇਨ੍ਹਾਂ ਨਿਬੰਧਾਂ ਵਿੱਚ ਉਹ ਕਦੇ ਦਾਰਸ਼ਨਿਕ ਬਣਦਾ ਹੈ ਅਤੇ ਕਦੇ ਮਨੋਵਿਗਿਆਨੀ, ਕਦੇ ਗੂੜ੍ਹਾ ਮਿੱਤਰ ਤੇ ਕਦੇ ਪ੍ਰੇਰਿਕ।ਇਹਨਾਂ ਸਭ ਰੰਗਾਂ ਰਾਹੀਂ ਉਸਨੇ ਧਰਮ ਦਾ ਵਿਗਿਆਨਿਕ ਰੂਪ ਉਭਾਰਿਆ, ਵਿਗਿਆਨਕ ਸੋਚ ਦਾ ਪਸਾਰ ਕੀਤਾ ਹੈ ਅਤੇ ਮਨੁੱਖੀ ਜੀਵਨ ਨੂੰ ਪ੍ਰੇਮ ਪੂਰਤ ਜਿਉਣ ਦੀ ਤਕਨੀਕ ਵੱਲ ਇਸ਼ਾਰਾ ਕੀਤਾ ਹੈ।

ਕਿਸੇ ਵੀ ਕਾਰਜ ਨੂੰ ਸੁੰਦਰਤਾ ਬਖ਼ਸ਼ਣ ਲਈ ਨਿਪੁੰਨਤਾ ਜਾਂ ਕੁਸ਼ਲਤਾ ਜ਼ਰੂਰੀ ਹੁੰਦੀ ਹੈ। ਇਸ ਪੁਸਤਕ ਦੀ ਭੂਮਿਕਾ ਵਿੱਚ ਹੀ, ਵਿਗਿਆਨਕ ਵਿਚਾਰਧਾਰਾ ਹੋਣ ਕਾਰਨ, ਪ੍ਰਤੀਲੜੀ ਨੇ ਕੁਸ਼ਲਤਾ ਉੱਤੇ ਜ਼ੋਰ ਦਿੱਤਾ ਹੈ। ਉਸਨੇ ਕਾਰਖਾਨੇ ਦੀ ਨੀਤੀ ਅਤੇ ਜ਼ਿੰਦਗੀ ਦੀ ਨੀਤੀ ਦੀ ਤੁਲਨਾ ਕਰਦੇ ਹੋਏ ਨਿਪੁੰਨਤਾ ਨੂੰ ਜ਼ਿੰਦਗੀ ਜਿਉਣ ਲਈ ਅਵੱਸ਼ ਕਰਾਰ ਦਿੱਤਾ ਹੈ। ਪ੍ਰੀਤਲੜੀ ਅਨੁਸਾਰ ਸਾਡਾ ਜੀਵਨ ਸ਼ਿਵਾਲਾ (ਜਿਉਣ-ਢੰਗ) ਪੁਰਾਣਾ ਹੋ ਗਿਆ ਹੈ। ਨਵੇਂ ਸ਼ਿਵਾਲੇ ਵਿੱਚ ਭਾਵ ਆਧੁਨਿਕ ਜੀਵਨ-ਢੰਗ ਅਨੁਸਾਰ ਮਨੁੱਖ ਹੀ ਉਹ ਮਹਿਬੂਬ ਹੈ, ਜਿਸਦੇ ਸੁਆਗਤ ਲਈ ਜ਼ਿੰਦਗੀ ਅਜ਼ਲ ਤੋਂ ਆਪਣੇ ਦਰਵਾਜ਼ੇ ਖੋਲ੍ਹਦੀ ਆ ਰਹੀ ਹੈ। ਸੋ ਇਹ ਲੇਖ ਸੰਗ੍ਰਹਿ ਨਵੀਨ ਜ਼ਿੰਦਗੀ ਬਾਰੇ ਹੈ।

ਇਸਦੇ ਪਹਿਲੇ ਹੀ ਲੇਖ 'ਜ਼ਿੰਦਗੀ ਕਲਾ ਦਾ ਇੱਕ ਟੁਕੜਾ' ਰਾਹੀਂ ਪ੍ਰੀਤਲੜੀ ਇਸ ਗੱਲ ਵਿੱਚ ਯਕੀਨ ਦਿਵਾਉਂਦਾ ਹੈ ਕਿ ਮਿਹਨਤ ਅਤੇ ਸਬਰ ਨਾਲ ਅਸੀਂ ਸਾਰੇ ਕਲਾ ਦਾ ਇੱਕ ਟੁਕੜਾ ਬਣ ਸਕਦੇ ਹਾਂ। ਉਹ ਵਿਕਟਰ ਹਿਊਗੋ ਦੇ ਨਾਵਲ 'ਦੁਖੀਏ' ਅਤੇ 'ਸਮੁੰਦਰੀ ਕਾਮੇ' ਦਾ ਜ਼ਿਕਰ ਕਰਦਾ ਹੈ। ਪ੍ਰੀਤਲੜੀ ਅਨੁਸਾਰ ਜਿਸ ਕਿਸੇ ਨੂੰ ਵੀ ਹੁਸਨ ਤ੍ਰਿਸ਼ਨਾ ਹੈ, ਉਹ ਬੱਚਿਆਂ ਦੇ ਬਚਪਨ ਨੂੰ ਸੋਹਣਾ ਅਤੇ ਪਵਿੱਤਰ ਰੱਖਣ ਦਾ ਯਤਨ ਕਰੇ। ਉਹਨਾਂ ਦੀ ਖ਼ਾਤਰ ਘਰ ਚੋ ਹਰ ਕਿਸਮ ਦਾ ਕੋਝ ਬਾਹਰ ਕੱਢੇ। ਉਹ ਟੈਗੋਰ ਅਤੇ ਤਰਖਾਣ ਦੀ ਕਲਾ ਦੀ ਗੱਲ ਕਰਦਾ ਹੈ। ਕਿਸੇ ਮਹਾਨ ਮਨੋਵਿਗਿਆਨੀ ਦੀ ਤਰ੍ਹਾਂ ਪ੍ਰੀਤਲੜੀ ਬੱਚਿਆਂ ਜਾਂ ਵੱਡਿਆਂ ਵਿੱਚ ਵਸੀ ਹੋਈ ਚੋਰੀ ਦੀ ਆਦਤ ਨੂੰ ਵੀ ਇੱਕ ਬੀਮਾਰੀ ਦੱਸਦਾ ਹੈ। ਅਗਲੇ ਲੇਖ 'ਸੋਹਣਾ ਵਤਨ' ਰਾਹੀਂ ਪ੍ਰੀਤਲੜੀ ਵਤਨ ਨੂੰ ਇੱਕ ਮੰਦਰ ਦੱਸਦਾ ਹੈ ਅਤੇ ਇਸ ਮੰਦਰ ਨੂੰ ਮਾਲਾ ਮਾਲ ਕਰਨਾ ਅਤੇ ਸੋਹਣਾ ਬਣਾਉਣਾ ਇਬਾਦਤ ਅਤੇ ਸਾਧਨਾ ਹੈ। ਪੁਰਾਣੇ ਸ਼ਿਵਾਲੇ ਅਨੁਸਾਰ ਅਸੀਂ ਜੀਵਨ ਨੂੰ ਸੁਪਨਾ ਆਖਦੇ ਹਾਂ ਅਤੇ ਕਾਂਸੀ ਜਾ ਕੇ ਮਰਨ ਨੂੰ ਜਿਉਣ ਦੀ ਸੰਪੂਰਨਤਾ। ਪ੍ਰੀਤਲੜੀ ਲਿਖਦਾ ਹੈ ਕਿ ਇਹ ਧਰਮ ਨਹੀਂ। ਧਰਮ ਰੋਜਾਨਾ ਜੀਵਨ ਦੇ ਅਖਾੜੇ ਵਿੱਚ ਹੀ ਸਿੱਖਿਆ ਜਾ ਸਕਦਾ ਹੈ। ਉਹ ਹਰ ਕਿਸੇ ਨੂੰ ਹਰ ਰੋਜ ਦੇ ਜੀਵਨ ਵਿੱਚੋਂ ਹੀ ਧਰਮ ਸਿੱਖਣ ਅਤੇ ਨਿਭਾਉਣ ਦੀ ਪ੍ਰੇਰਨਾ ਦਿੰਦਾ ਹੈ। ਉਹ ਜ਼ਿੰਦਗੀ ਦੇ ਯਥਾਰਥ ਤੋਂ ਭਾਂਜਵਾਦ ਦਾ ਖੰਡਨ ਕਰਦਾ ਹੈ। ਉਹ ਲਿਖਦਾ ਹੈ ਕਿ ਸ੍ਰੀ ਅਰਵਿੰਦੋ ਘੋਸ਼ ਭਾਰਤ ਵਰਸ਼ ਦੇ ਪ੍ਰਸਿੱਧ ਮਹਾਨ ਯੋਗੀ, ਅਨੇਕ ਵਰ੍ਹਿਆਂ ਤੋਂ ਪਾਂਡੀਚਰੀ ਵਿੱਚ, ਜ਼ਿੰਦਗੀ ਤੋਂ ਲੁਕ ਕੇ ਤਪੱਸਿਆ ਕਰ ਰਹੇ ਹਨ। ਉਹਨਾਂ ਦੀ ਆਸ ਹੈ ਕਿ ਉਹ ਇਹ ਦਿਨ ਰੌਸ਼ਨੀ ਦੀ ਰੂਹ ਨੂੰ ਪ੍ਰਾਪਤ ਕਰ ਲੈਣਗੇ। ਫਿਰ ਇੱਕ ਦਮ ਸਾਰਾ ਜਗ ਰੌਸ਼ਨ ਹੋ ਜਾਵੇਗਾ। ਜੁੱਗਾਂ ਜੁੱਗਾਂ ਤੋਂ ਜੋਗੀ ਅਰਾਧਨਾ ਕਰਦੇ ਆ ਰਹੇ ਹਨ ਪਰ ਹਿੰਦੁਸਤਾਨ ਦਿਨੋਂ ਦਿਨ ਡੂੰਘੇਰੇ ਚਿੱਕੜ ਵਿੱਚ ਧਰੈਂਦਾ ਗਿਆ ਹੈ। ਕਾਸ਼! ਕਦੇ ਇਸ ਅਭਾਗੇ ਵਤਨ ਦੇ ਹੋਣਹਾਰ ਜਵਾਨ ਕੁਦਰਤ ਦੇ ਕੰਮਾਂ ਦਾ ਭੇਤ ਪਾ ਲੈਣ। ਫੇਰ .......। ਪ੍ਰੀਤਲੜੀ ਪੂਰੇ ਮੁਲਕ ਦੇ ਨੌਜਵਾਨ ਇਸਤ੍ਰੀਆਂ ਅਤੇ ਮਰਦਾਂ ਨੂੰ ਸੰਭਾਸ਼ਣੀ ਸ਼ੈਲੀ ਵਿੱਚ ਸੰਬੋਧਨ ਹੁੰਦਿਆਂ ਕਿਸੇ ਧਾਰਮਿਕ ਕਰਮਕਾਂਡ ਦੀ ਬਜਾਏ ਮਨੁੱਖ ਨੂੰ ਮਨੁੱਖ ਦਾ ਦਾਰੂ ਬਣਨ ਲਈ ਪ੍ਰੇਰਦਾ ਹੈ।

'ਕਲੀਆਂ ਕੋਇਲਾਂ ਦਾ ਪੈਗ਼ਾਮ' ਲੇਖ ਅਸਲ ਵਿੱਚ ਪ੍ਰੀਤਲੜੀ ਦੇ ਪਾਠਕਾਂ ਦੇ ਖ਼ਤਾਂ 'ਤੇ ਲੇਖਕ ਦਾ ਪ੍ਰਤੀਕਰਮ ਹੈ।

ਅਗਲਾ ਲੇਖ 'ਨਵਾਂ ਸ਼ਿਵਾਲਾ' ਪੁਰਾਣੀਆਂ ਕੀਮਤਾਂ ਦੇ ਢਹਿੰਦੇ ਜਾ ਰਹੇ ਕਿਲੇ ਦੀ ਗੱਲ ਕਰਦਾ ਹੈ। ਪ੍ਰੀਤਲੜੀ ਅਨੁਸਾਰ ਭ੍ਰਿਸ਼ਟਾਚਾਰ ਅਤੇ ਧਰਮ ਵਾਲੇ ਜਿਸ ਜੀਵਨ ਢੰਗ ਉੱਤੇ ਪਹਿਲਾਂ ਮਾਣ ਹੁੰਦਾ ਸੀ ਅੱਜ ਸ਼ਰਮ ਆਉਣ ਲੱਗੀ ਹੈ। ਉਹ ਨਵੇਂ ਜੀਵਨ ਬਾਰੇ ਪੈਦਾ ਹੋ ਰਹੇ ਅਹਿਸਾਸ ਅਤੇ ਜਾਗ੍ਰਿਤੀ ਸਬੰਧੀ ਹਲਕੇ-ਫੁਲਕੇ ਹਾਸ-ਰਸ ਰਾਹੀਂ ਵੀ ਕਾਟ ਕਰ ਜਾਂਦਾ ਹੈ।

ਪਤੀਆਂ ਨੂੰ ਪ੍ਰਮੇਸ਼ਵਰ ਮੰਨਣ ਦੀ ਆਗਿਆ ਆਕਾਸ਼ਬਾਣੀ ਸੀ, ਪਰ ਪਤੀ ਕੀਹਦੇ ਵਿਚਾਰੇ, ਅੱਜ ਪਾਤਸ਼ਾਹਾਂ ਕੋਲੋਂ ਈਸ਼ਵਰਜਤਾ ਖੋਹੀ ਜਾ ਰਹੀ ਹੈ। ਗਲੀਆਂ ਦੇ ਆਦਮੀਆਂ ਦੀ ਮਰਜੀ 'ਤੇ ਬਾਦਸ਼ਾਹੀਆਂ ਖ਼ਤਮ ਹੋ ਰਹੀਆਂ ਹਨ। ਸੋ ਨਵੇਂ ਯੁੱਗ ਵਿੱਚ ਵਿਗਿਆਨ ਅਤੇ ਵਿਗਿਆਨ ਦੀਆਂ ਕਾਢਾਂ ਦਾ ਵਿਸ਼ੇਸ਼ ਮਹੱਤਵ ਹੈ। 1947 ਦੀ ਲਿਖੀ ਗਈ ਇਸ ਪੁਸਤਕ ਵਿੱਚ ਵੀ ਪ੍ਰੀਤਲੜੀ ਨੇ ਪ੍ਰਮਾਣੂ ਸ਼ਕਤੀ ਦਾ ਜ਼ਿਕਰ ਕਰ ਦਿੱਤਾ ਸੀ।

ਪ੍ਰੀਤਲੜੀ ਆਸਵੰਦ ਹੁੰਦਾ ਹੈ ਕਿ ਨਵੇਂ ਸ਼ਿਵਾਲੇ ਵਿੱਚ ਹਰ ਪੈਦਾਇਸ਼ ਦਾ ਮਨੋਰਥ ਮਨੁੱਖਾ ਜ਼ਿੰਦਗੀ ਨੂੰ ਤਰੱਕੀ ਦੇਣਾ ਬਣ ਜਾਏਗਾ। ਉਹ ਲਿਖਦਾ ਹੈ ਕਿ ਸੰਗਠਿਤ ਯਤਨਾਂ ਸਦਕਾ ਇਸ ਵਤਨ ਨੂੰ ਵੀ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਸਾਰੀ ਦੁਨੀਆਂ ਦੇ ਸਿਆਣਿਆਂ, ਸਾਇੰਸਦਾਨਾਂ, ਮਨੋ-ਵਿਗਿਆਨੀਆਂ ਦੀਆਂ ਅਕਲਾਂ ਜੋੜਕੇ ਇਹੋ ਜਿਹਾ ਸੰਸਾਰ-ਨਿਜ਼ਾਮ ਬਣਾਇਆ ਜਾਵੇ, ਜਿਸ ਵਿੱਚ ਹਰ ਭੁੱਖੇ, ਨੰਗੇ ਅਤੇ ਬੇਰੁਜ਼ਗਾਰ ਦੀ ਤਕਦੀਰ ਸਭ ਦਾ ਸਾਂਝਾ ਸਵਾਲ ਹੋਵੇ। ਗਰੀਬੀ ਨੂੰ ਨਿਜ਼ਾਮ ਦੀ ਉਣਤਾਈ ਮੰਨਿਆ ਜਾਵੇ। ਪੈਦਾਵਾਰ ਦੀ ਇੰਨੀ ਬਹੁਤਾਤ ਹੋਵੇ ਕਿ ਮੁਕਾਬਲਾ ਬੇਲੋੜਾ ਮਹਿਸੂਸ ਕੀਤਾ ਜਾਵੇ। ਅਖਲਾਕ ਵੇਚ ਕੇ ਲੋੜ ਪੂਰੀ ਕਰਨ ਦਾ ਲਾਲਚ ਨਾ ਆਵੇ। ਰਜ਼ਾਮੰਦੀ ਨਾਲ ਵਿਆਹ ਹੋਵੇ। ਜ਼ਿੰਦਗੀ ਦੀ ਹਰ ਸ਼ਾਖ਼ ਨੂੰ ਹੁਨਰ ਦੇ ਕਮਾਲ ਤੱਕ ਪਹੁੰਚਾਣ ਦੀ ਲਗਨ ਹਰ ਘਰ ਵਿੱਚ ਗਰਮ ਹੋਵੇ। ਆਪਣੇ ਅਗਲੇ ਲੇਖ 'ਕਲਾਕਾਰ ਦਾ ਫਰਜ਼' ਵਿੱਚ ਉਸਨੇ ਕਲਾ ਅਤੇ ਦਿਲ ਪਰਚਾਵੇ ਵਿਚਕਾਰ ਅੰਤਰ ਦੱਸਿਆ ਹੈ। ਉਸ ਅਨੁਸਾਰ ਕਲਾ ਦਾ ਇੱਕ ਸਮਾਜਿਕ ਫ਼ਰਜ਼ ਹੈ।

ਲੇਖ 'ਆਲੇ ਭੋਲੇ ਘੁੱਗੂ ਘੋੜੇ' ਪਿੰਡਾਂ ਵਿੱਚ ਮਿੱਟੀ ਦੇ ਛੋਟੇ-ਛੋਟੇ ਖਿਡੌਣੇ ਵੇਚਣ ਵਾਲੇ ਲੋਕਾਂ ਸਬੰਧੀ ਹੈ। ਇਹ ਲੋਕ ਟੱਪਰੀਵਾਸ ਹੁੰਦੇ ਹਨ ਅਤੇ ਇਹਨਾਂ ਨੂੰ ਜ਼ਰਾਇਮ ਪੇਸ਼ਾ ਖ਼ਿਆਲ ਕੀਤਾ ਜਾਂਦਾ ਹੈ। ਕਹਿੰਦੇ ਨੇ ਇਹ ਚੋਰ ਹੁੰਦੇ ਹਨ। ਕੋਈ ਚੋਰ ਮੂਰਖ ਨਹੀਂ ਹੋ ਸਕਦਾ। ਮੂਰਖ ਚੋਰੀ ਨਹੀਂ ਕਰ ਸਕਦਾ। ਇਨ੍ਹਾਂ ਟੱਪਰੀਵਾਸਾਂ ਨੂੰ ਆਪਣੇ-ਆਪ ਨੂੰ ਬੇਗੁਨਾਹ ਸਾਬਿਤ ਕਰਨਾ ਪੈਂਦਾ ਹੈ। ਇੱਕ ਦਾਰਸ਼ਨਿਕ ਵਾਂਗ ਪ੍ਰੀਤਲੜੀ ਆਪਣੇ ਮੌਲਿਕ ਅਧਿਐਨ ਦੇ ਆਧਾਰ 'ਤੇ ਇਹ ਸਾਬਿਤ ਕਰ ਦਿੰਦਾ ਹੈ ਕਿ ਚੋਰੀ ਕਰਨ ਵਾਲਾ ਵਿਅਕਤੀ ਤੇਜ਼-ਤਰਾਰ ਦਿਮਾਗ ਵਾਲਾ ਹੁੰਦਾ ਹੈ, ਮੂਰਖ ਨਹੀਂ। ਅਜਿਹੇ ਲੋਕਾਂ ਨਾਲ ਅਪਰਾਧਿਕ ਵਿਵਹਾਰ ਕਰਕੇ ਅਸੀਂ ਆਪਣੇ ਮੁਲਕ ਦੀ ਕਿੰਨੀ ਅਕਲ ਨੂੰ ਆਪਣੇ ਵਿਰੁੱਧ ਵਰਤੀ ਜਾ ਰਹੇ ਹਾਂ। ਇਹ ਨਤੀਜਾ ਵੀ ਪ੍ਰੀਤਲੜੀ ਦੀ ਡੂੰਘੀ ਸੋਚ ਕਾਰਨ ਨਿੱਕਲਦਾ ਹੈ। ਉਸ ਅਨੁਸਾਰ ਜ਼ਿੰਦਗੀ ਦਾ ਵੱਡਾ ਕੰਮ ਨਿੱਜ-ਮੁਕਤੀ ਨਹੀਂ ਹੈ। ਮੂਲ ਕੰਮ ਜਿਸ ਦੁਨੀਆਂ ਵਿੱਚ ਅਸੀਂ ਪੈਦਾ ਹੋਏ ਹਾਂ ਉਸਨੂੰ ਮਨੁੱਖ ਦੇ ਰਹਿਣ ਯੋਗ ਬਣਾ ਕੇ ਛੱਡ ਜਾਣਾ ਹੈ। ਪ੍ਰੀਤਲੜੀ ਕਈ ਵਾਰ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕਰਦਾ ਹੈ। ਇਸੇ ਲੇਖ ਵਿੱਚ ਉਹ ਪਾਠਕਾਂ ਨੂੰ ਉਸਾਰੂ ਸੇਧ ਦੇਣ ਲਈ ਇੱਕ ਸਵਾਲ ਕਰਦਾ ਹੈ-

ਕੀ ਜੰਗਲਾਂ ਵਿੱਚ ਰਹਿਣ ਵਾਲੇ ਪਸ਼ੂ, ਇਹਨਾਂ ਸਾਡੇ ਗੁਆਂਢ ਰਹਿਣ ਵਾਲੇ ਇਨਸਾਨਾਂ ਨਾਲੋਂ ਚੰਗਾ ਅਤੇ ਸਾਫ਼ ਜੀਵਨ ਨਹੀਂ ਬਤੀਤ ਕਰਦੇ? ਪ੍ਰੀਤਲੜੀ ਸੱਚਾ ਧਰਮ ਲੁਕਾਈ ਦੇ ਜੀਵਨ ਸੁਧਾਰ ਲਈ ਕੀਤੇ ਗਏ ਕੰਮਾਂ ਨੂੰ ਮੰਨਦਾ ਹੈ।

'ਸਾਡੀ ਪੈਲੀ ਵਿੱਚ ਬਟੇਰਾ' ਦੋ ਸਫ਼ਿਆਂ ਦਾ ਛੋਟਾ ਜਿਹਾ ਲੇਖ ਹੈ ਜਿਸ ਰਾਹੀਂ ਪ੍ਰਤੀਲੜੀ ਨੇ ਆਪਣੇ ਇੱਕ ਦਿਨ ਦੇ ਕਾਰ-ਵਿਹਾਰ ਨੂੰ ਅਤੇ ਪੰਛੀਆਂ ਪ੍ਰਤੀ ਹਮਦਰਦੀ ਨੂੰ ਪੇਸ਼ ਕੀਤਾ ਹੈ।

'ਜ਼ਿੰਦਗੀ ਨੇ ਗਿਲਾ ਕੀਤਾ' ਲੇਖ ਵਿੱਚ ਉਸਨੇ ਭਰਪੂਰ ਕਲਪਨਾ ਪੇਸ਼ ਕੀਤੀ ਹੈ। ਇਸ ਲੇਖ ਵਿੱਚ ਉਸਨੇ ਜ਼ਿੰਦਗੀ ਦਾ ਮਾਨਵੀਕਰਨ ਕੀਤਾ ਹੈ। ਫਿਰ ਉਹ ਜ਼ਿੰਦਗੀ ਦੇ ਰਾਹੀਂ ਮਨੁੱਖ ਨੂੰ ਸਵਾਲ ਕਰਾਉਂਦਾ ਹੈ-

> "ਮੈਂ ਪੁੱਛਦੀ ਹਾਂ, ਤੇਰਾ ਭਰਾ ਇਹ ਔਖੀਆਂ ਡੰਡੌਤਾਂ ਕੀਹਦੇ ਅੱਗੇ ਕਰਦਾ ਹੈ?"

ਇਸ ਤਰ੍ਹਾਂ ਅਸਲ ਮਨੋਰਥ ਦੀ ਗੱਲ ਕਰਦੀ ਜ਼ਿੰਦਗੀ ਕਹਿੰਦੀ ਹੈ–

> ਸਾਰੀ ਕੌਮ, ਸਾਰਾ ਭਾਈਚਾਰਾ ਰਲ ਕੇ ਵਿਅਕਤੀ ਦੀ ਤਾਕਤ ਵਧਾਣ ਤੇ ਹਰ ਕਿਸੇ ਦੇ ਉਸਾਰੂ ਤਜਰਬਿਆਂ ਲਈ ਵਸੀਲੇ ਪੈਦਾ ਕਰਨ।

'ਟੱਪਰੀਵਾਸ' ਲੇਖ ਰਾਹੀਂ ਉਸਨੇ ਗਹਿਰੇ ਇਤਿਹਾਸ ਨੂੰ ਫ਼ਰੋਲ਼ ਕੇ ਇਹਨਾਂ ਲੋਕਾਂ ਦੇ ਜੀਵਨ ਬਾਰੇ ਲਿਖਿਆ ਹੈ। ਪ੍ਰੀਤਲੜੀ ਹਵਾਲਾ ਦਿੰਦਾ ਹੈ ਕਿ ਉੱਨੀਵੀਂ ਸਦੀ ਵਿੱਚ ਇੱਕ ਅੰਗ੍ਰੇਜ਼ ਲੇਖਕ ਜਾਰਜ ਬਾਰੋ ਨੇ Lovengro ਅਤੇ The Romany Rye ਕਿਤਾਬਾਂ ਲਿਖ ਕੇ ਇਹਨਾਂ ਨਾਲ ਜਾਣ ਪਛਾਣ ਕਰਾਈ। ਸਾਰੀ ਦੁਨੀਆਂ ਦੇ ਟੱਪਰੀਵਾਸ ਇੱਕੋ ਵੱਡੀ ਬਰਾਦਰੀ ਹੈ। ਇਨ੍ਹਾਂ ਨੂੰ ਗਲਤੀ ਨਾ ਜਿਪਸੀ ਕਿਹਾ ਜਾਂਦਾ ਹੈ। ਜਿਪਸੀ ਤੋਂ ਭਾਵ ਹੈ, ਮਿਸਰ ਦੇ ਰਹਿਣ ਵਾਲੇ।

ਪ੍ਰੀਤਲੜੀ ਇਹ ਵੀ ਦੱਸਦਾ ਹੈ ਕਿ ਹੁਣ ਪੱਕੀ ਤਰ੍ਹਾਂ ਪਤਾ ਲੱਗ ਗਿਆ ਹੈ ਕਿ ਸਾਰੀ ਦੁਨੀਆਂ ਦੇ ਟੱਪਰੀਵਾਸ ਹਿੰਦੁਸਤਾਨੀ ਹਨ। ਯਾਰਵੀਂ ਸਦੀ ਵਿੱਚ ਹਿੰਦੁਸਤਾਨ ਤੋਂ ਇਹ ਲੋਕ ਬਾਹਰਲੇ ਮੁਲਕਾਂ ਵੱਲ ਜਾਣੇ ਸ਼ੁਰੂ ਹੋ ਗਏ ਸੀ ਅਤੇ ਸਾਰੀ ਦੁਨੀਆਂ ਵਿੱਚ ਖਿੱਲਰ ਗਏ। ਪ੍ਰੀਤਲੜੀ ਇਨ੍ਹਾਂ ਲੋਕਾਂ ਵਿਚਕਾਰ ਭਾਸ਼ਾਈ ਸਾਂਝ ਨੂੰ ਸਾਬਿਤ ਕਰਦਾ ਹੋਇਆ ਲਿਖਦਾ ਹੈ ਕਿ ਕਿਸੇ ਵੀ ਮੁਲਕ ਦੇ ਟੱਪਰੀਵਾਸ ਚੰਗੀ ਇਸਤ੍ਰੀ ਨੂੰ 'ਰਾਣੀ' ਆਖਦੇ ਹਨ। ਇਹ ਹਿੰਦੁਸਤਾਨੀ ਸ਼ਬਦ ਹੈ। ਇਹ ਲੋਕ 'ਭੈਣ' ਲਈ 'ਪੈਣ' ਸ਼ਬਦ ਵਰਤਦੇ ਹਨ।

'ਜ਼ਰਾਇਮ ਪੇਸ਼ਾ ਲੋਕ' ਲੇਖ ਵਿੱਚ ਲੇਖਕ ਲੋਕਾਂ ਦੇ ਅਜਿਹੇ ਵਿਵਹਾਰ ਪਿੱਛੇ ਕੰਮ ਕਰਦੇ ਸਮਾਜਿਕ ਕਾਰਨਾਂ ਨੂੰ ਬਿਆਨ ਕਰਦਾ ਹੈ। ਨਿਜ਼ਾਮ ਅਤੇ ਸਮਾਜ ਵਲੋਂ ਇਨ੍ਹਾਂ ਲੋਕਾਂ ਵੱਲ ਕੀਤੀ ਗਈ ਅਣਗਹਿਲੀ ਅਤੇ ਇਹਨਾਂ ਨਾਲ ਕੀਤੀ ਜਾਂਦੀ ਨਫ਼ਰਤ ਪੇਸ਼ ਕਰਦਾ ਹੈ। ਪ੍ਰੀਤਲੜੀ ਲਿਖਦਾ ਹੈ ਕਿ ਇਹਨਾਂ ਲੋਕਾਂ ਦੇ ਸੁਧਾਰ ਲਈ ਕੀਤੇ ਜਾਣ ਵਾਲੇ ਕੰਮਾਂ ਨੂੰ ਕਿਸੇ ਭਾਖੜਾ ਬੰਨ ਦੇ ਪਰਿਯੋਜਨ ਨਾਲੋਂ ਵੀ ਮਹਾਨ ਖ਼ਿਆਲ ਕਰਨਾ ਚਾਹੀਦਾ ਹੈ। ਇਹਨਾਂ ਉੱਤੇ ਮਾਹਿਰ ਮੁੱਕਰਰ ਕੀਤੇ ਜਾਣੇ ਚਾਹੀਦੇ ਹਨ। ਉਸ ਅਨੁਸਾਰ ਇਨ੍ਹਾਂ ਦੇ ਵਾਤਾਵਰਣ ਵਿੱਚ ਇਨ੍ਹਾਂ ਦੇ ਸੁਧਰਨ ਦੀ ਸੰਭਾਵਨਾ ਨਹੀਂ ਬਲਕਿ ਇਨ੍ਹਾਂ ਦੇ ਅਫ਼ਸਰਾਂ ਦਾ ਮੁਜ਼ਰਮਾਨਾ ਵਿਵਹਾਰ ਹੋ ਜਾਣਾ ਸੰਭਵ ਹੈ। ਪ੍ਰੀਤਲੜੀ ਅਨੁਸਾਰ ਅਸੀਂ ਲੱਖਾਂ ਹਮਵਤਨਾਂ ਨੂੰ, ਲੱਖਾਂ ਰੁਪਏ ਖਰਚ ਕਰਕੇ ਜ਼ੁਰਮਾਂ ਵਿੱਚ ਪੱਕੇ ਕਰ ਰਹੇ ਹਾਂ।

ਆਪਣੇ ਅਗਲੇ ਲੇਖ 'ਲੋਹੜੀ' ਵਿੱਚ ਉਹ ਲੋਹੜੀ ਦੇ ਤਿਹਾਉਰ 'ਤੇ ਲੋਕਾਂ ਦੇ ਆਪਸੀ ਮਿਲਵਰਤਨ ਅਤੇ ਮੋਹ-ਪਿਆਰ ਦਾ ਅੱਖੀ ਡਿੱਠਾ ਦ੍ਰਿਸ਼ ਪੇਸ਼ ਕਰਦਾ ਹੈ। ਇਸ ਵਿੱਚ ਉਹ ਕਿਤੇ-ਕਿਤੇ ਪੋਠੋਹਾਰੀ ਭਾਸ਼ਾ ਦੀ ਵਰਤੋਂ ਕਰ ਜਾਂਦਾ ਹੈ, ਜਿਵੇਂ "ਮੇਰੇ ਚਰਖੇ ਦੀ ਹੱਥੀ ਲਾਹ ਖੜੀ ਨੇ।"

ਆਪਣੇ ਅਗਲੇ ਲੇਖ 'ਪੰਛੀਆਂ ਦੇ ਦੇਸ਼ ਦੌਰੇ' ਵਿੱਚ ਪ੍ਰੀਤਲੜੀ ਨੇ ਇੱਕ ਥਾਂ ਤੋਂ ਹੋਰ ਦੂਰ-ਦੁਰਾਡੇ ਥਾਵਾਂ ਤੱਕ ਬਨਸਪਤੀ ਦੇ ਬੀਜ ਲੈ ਕੇ ਜਾਣ ਵਾਲੇ ਪੰਛੀਆਂ ਬਾਰੇ ਜ਼ਿਕਰ ਕੀਤਾ ਹੈ। ਆਪਣੇ ਵਿਸ਼ਾਲ ਗਿਆਨ ਦੇ ਆਧਾਰ 'ਤੇ ਉਹ ਇਹ ਵੀ ਦੱਸਦਾ ਹੈ ਕਿ ਸਕਾਟਲੈਂਡ ਦੀ ਐਬਰਡੀਨ ਦੀ ਯੂਨੀਵਰਸਿਟੀ ਪੰਛੀਆਂ ਬਾਬਤ ਤਜ਼ਰਬੇ ਕਰਦੀ ਰਹਿੰਦੀ ਏ। ਇਹ ਵਿੱਦਿਅਕ ਅਦਾਰਾ ਲੱਖਾਂ ਰੁਪਏ ਖਰਚ ਕਰਦਾ ਹੈ, ਸਿਰਫ ਇਹ ਵੇਖਣ ਲਈ ਕਿ ਕੁਝ ਪੰਛੀ ਕਿੰਨੀ ਕੁ ਦੂਰ ਤੱਕ ਜਾਂਦੇ ਹਨ।

'ਸੁੰਦਰਤਾ ਤੋਂ ਵਡੇਰਾ ਕੋਈ ਮਜ਼ਹਬ ਨਹੀਂ' ਵਿੱਚ ਉਹ ਹੋਰਨਾਂ ਦੇਸਾਂ ਦੇ ਲੇਖਕਾਂ ਦਾ ਜ਼ਿਕਰ ਕਰ ਜਾਂਦਾ ਹੈ। ਉਦਾਹਰਨ ਵਜੋਂ ਐਮਰਸਨ ਦਾ ਕਹਿਣਾ ਹੈ ਕਿ ਸੁੰਦਰਤਾ ਰੱਬ ਦੀ ਲਿਖਣੀ ਹੈ। ਸੁੰਦਰਤਾ ਦੇਖਣ ਦਾ ਮੌਕਾ ਕਦੇ ਨਾ ਗੁਆਓ।

'ਸੁੰਦਰਤਾ" ਨਾਂ ਦੇ ਲੇਖ ਵਿੱਚ ਉਹ ਸੁੰਦਰਤਾ ਦੇ ਅਸਲੀ ਅਰਥਾਂ ਬਾਰੇ ਗਿਆਨ ਵੰਡਦਾ ਹੋਇਆ ਲਿਖਦਾ ਹੈ ਕਿ ਕੋਈ ਵੀ ਮਨੁੱਖ ਉਦੋਂ ਤੱਕ ਕੋਈ ਸੋਹਣੀ ਚੀਜ਼ ਪੈਦਾ ਨਹੀਂ ਕਰ ਸਕਦਾ ਜਦੋਂ ਤੱਕ ਉਸਦੇ ਅੰਦਰ ਸੁੰਦਰਤਾ ਦੀ ਲਗਨ ਪੈਦਾ ਨਹੀਂ ਹੁੰਦੀ ਅਤੇ ਸੁੰਦਰਤਾ ਬਿਨਾਂ ਜ਼ਿੰਦਗੀ ਇੱਕ ਬੋਝ ਹੈ, ਇੱਕ ਬੇਸੁਰਾ ਜਿਹਾ ਸ਼ੋਰ ਹੈ। ਪ੍ਰੀਤਲੜੀ ਅਨੁਸਾਰ ਜਿਸ ਮਨੁੱਖ ਦਾ ਦਿਲ ਰੁੱਖਾ ਹੈ, ਉਹ ਰੱਬ ਤੋਂ ਬਹੁਤ ਦੂਰ ਹੈ। ਉਹ ਲਿਖਦਾ ਹੈ ਕਿ ਸੁੰਦਰਤਾ ਨੂੰ ਚੰਗਿਆਈ ਦਾ ਸੂਚਕ ਸਮਝਿਆ ਗਿਆ ਹੈ। ਦੁਨੀਆਂ ਹੁਸਨ ਲਈ ਲੋਚਦੀ ਹੈ ਅਤੇ ਕਲਾਕਾਰ ਆਪਣੇ ਦਿਲ ਵਿੱਚ ਕਿਸੇ ਰਾਂਗਲੇ ਹੁਸਨ ਨੂੰ ਪਾਲਦਾ ਹੈ ਤੇ ਫਿਰ ਦੁਨੀਆਂ ਦੀਆਂ ਟਿਕੀਆਂ ਅੱਖਾਂ ਅੱਗੇ ਲਿਆਉਂਦਾ ਹੈ। ਇਸੇ ਕਾਰਨ ਕਲਾਕਾਰ ਦੁਨੀਆਂ ਦੇ ਲਾਡਲੇ ਹੁੰਦੇ ਹਨ।

ਵਰਤਮਾਨ ਦੀ ਤਰਸਦਾਇਕ ਹਾਲਤ ਅਤੇ ਉੱਜਲੇ ਭਵਿੱਖ ਦੀ ਕਾਮਨਾ ਕਰਦਾ ਹੋਇਆ ਉਸਦਾ ਅਗਲਾ ਲੇਖ ਹੈ ਲੋੜੀਂਦੜਾ ਹਿੰਦੁਸਤਾਨ। ਭਵਿੱਖਮਈ ਹਿੰਦੁਸਤਾਨ ਦੀ ਇੱਕ ਕਲਪਨਾ ਆਜ਼ਾਦੀ ਪ੍ਰੋਗਰਾਮ ਦੌਰਾਨ ਸਮਾਜਵਾਦੀ ਵਿਚਾਰਧਾਰਾ ਦੇ ਤਹਿਤ ਕੀਤੀ ਗਈ ਹੈ। ਲੇਖਕ ਕਲਪਨਾ ਕਰਦਾ ਹੈ ਕਿ ਲੋੜੀਂਦੇ ਹਿੰਦੁਸਤਾਨ ਵਿੱਚ ਸਿਹਤ ਦੇ ਅਫ਼ਸਰ ਦਫ਼ਤਰਾਂ ਵਿੱਚ ਬੈਠੇ ਨਹੀਂ ਰਹਿਣਗੇ। ਗਲੀਆਂ, ਬਾਜ਼ਾਰਾਂ ਵਿੱਚ ਫਿਰਦੇ ਦਿੱਸਣਗੇ। ਅਖ਼ਬਾਰ ਇੱਕ ਪੈਸੇ ਦਾ , ਹਰ ਘਰ 'ਚ ਰੇਡਿਓ, ਬਿਜਲੀ ਦਾ ਸਭ ਥਾਈਂ ਪ੍ਰਕਾਸ਼, ਲੋਕ ਰਾਇ ਤਕੜੀ, ਇਸਤਰੀਆਂ ਲਈ ਆਜ਼ਾਦੀ, ਵਾਤਾਅਨੁਕੂਲ ਗੱਡੀਆਂ, ਧਰਮ ਨਿਰਪੱਖਤਾ, ਲੋਕਾਂ ਦਾ ਪਰਸਪਰ ਪਿਆਰ ਅਤੇ ਭਾਈਚਾਰਾ ਹੋਵੇਗਾ। ਵੱਡੇ ਤੋਂ ਵੱਡਾ ਅਫ਼ਸਰ ਵੀ ਲੋਕ ਸੇਵਕ ਹੋਵੇਗਾ। ਪ੍ਰਸ਼ਾਸਕ ਸ਼ਹਿਰੀਆਂ ਦੇ ਆਰਾਮ ਨੂੰ ਮੁੱਖ ਰੱਖਣਗੇ। ਰਿਸ਼ਵਤ ਅਣਸੁਣੀ ਹੋ ਜਾਵੇਗੀ। ਭਵਿੱਖ ਦੇ ਹਿੰਦੁਸਤਾਨ ਬਾਰੇ ਅਜਿਹੀ ਸੁਨਹਿਰੀ ਕਲਪਨਾ 'ਨਵਾਂ ਜਹਾਨ' ਵਿੱਚ ਧਨੀ ਰਾਮ ਚਾਤ੍ਰਿਕ ਵੀ ਕਰਦਾ ਹੈ। ਪ੍ਰੀਤਲੜੀ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਵਾਰਤਾਲਾਪੀ ਸੰਵਾਦ ਰਚਾਉਂਦਾ ਹੈ ਕਿ ਅਜਿਹੇ ਹਿੰਦੁਸਤਾਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਇਸ ਸਵਾਲ ਦੇ ਜਵਾਬ ਵਿੱਚ ਉਹ ਹਰ ਨਾਗਰਿਕ ਦੀਆਂ ਕੁਝ ਜ਼ੁੰਮੇਵਾਰੀਆਂ ਦੱਸਦਾ ਹੈ ਜਿਵੇਂ ਮਜ਼ਹਬ ਦੇ ਅੰਧਵਿਸ਼ਵਾਸੀ ਰੂਪ ਵਿਚੋਂ ਬਾਹਰ ਆਉਣ ਦੀ ਪ੍ਰੇਰਨਾ, ਜ਼ਮੀਰ ਨੂੰ ਤਕੜਾ ਕਰਨਾ, ਪਾਖੰਡੀ ਹਕੂਮਤ ਨੂੰ ਖ਼ਤਮ ਕਰਨ, ਆਰਥਿਕ ਖੁਸ਼ਹਾਲੀ ਲਈ ਕੰਮ ਕਰਨਾ ਆਦਿ।

ਭਵਿੱਖਤ ਹਿੰਦੁਸਤਾਨ ਦੀ ਕਲਪਨਾ ਤੋਂ ਅਗਾਂਹ ਵਧਦਾ ਹੋਇਆ ਆਪਣੇ ਅਗਲੇ ਲੇਖ ਵਿੱਚ ਉਹ 'ਇੱਕ ਝਾਤ ਸਾਰੇ ਆਲਮ ਤੇ' ਲਿਖਦਾ ਹੈ। ਉਹ ਆਪਣੇ ਵਿਸ਼ਵੀ ਗਿਆਨ ਦੇ ਆਧਾਰ 'ਤੇ ਇਹ ਸਾਬਤ ਕਰਦਾ ਹੈ ਕਿ ਪੂਰੇ ਵਿਸ਼ਵ ਦੇ ਵੱਖ ਵੱਖ ਸੱਭਿਆਚਾਰਾਂ ਵਿੱਚ ਜੋ ਕੁਝ ਹੈ, ਉਹ ਇੱਕ ਦ੍ਰਿਸ਼ਟੀ ਤੋਂ ਹੀ ਇਸ ਤਰ੍ਹਾਂ ਦਿਸਦਾ ਹੈ। ਇੱਕ ਸਮਾਜ ਦੇ ਅਖ਼ਲਾਕ ਦੂਜੇ ਲਈ ਬਦਅਖ਼ਲਾਕੀ ਹੋ ਸਕਦੇ ਹਨ। ਪ੍ਰੀਤਲੜੀ ਅਨੁਸਾਰ ਮਨੁੱਖ ਨੇ ਆਪ ਹੀ ਕੁਝ ਨਿਯਮ ਬਣਾ ਲਏ ਜਿਵੇਂ ਆਰਥਿਕ ਵਿਕਾਸ ਲਈ ਮੁਕਾਬਲਾ ਜਾਂ ਔਰਤ-ਮਰਦ ਸਬੰਧਾਂ ਵਿੱਚ ਵਫ਼ਾਦਾਰੀ ਆਦਿ। ਨਾ ਤਾਂ ਇਹ ਕੋਈ ਪ੍ਰਕਿਰਤਕ ਸੱਚ ਹੈ ਅਤੇ ਨਾ ਹੀ ਕੋਈ ਸਰਵ ਪ੍ਰਵਾਨਿਤ ਨਿਯਮ। ਪ੍ਰੀਤਲੜੀ ਇਸ ਪੱਖ ਦਾ ਹਾਮੀ ਹੈ ਕਿ ਫ਼ਰਜ਼ੀ ਸਚਿਆਈ ਦੇ ਨਾਂ ਉੱਤੋਂ ਬੰਧਨਾਂ ਵਿੱਚ ਪੈਣਾ ਜਾਂ ਦੂਜਿਆਂ ਨੂੰ ਬੰਧਨਾਂ ਵਿੱਚ ਪਾਉਣਾ ਮਨੁੱਖ ਦੀ ਸਭ ਤੋਂ ਵੱਡੀ ਮੂਰਖਤਾ ਹੈ। ਪ੍ਰੀਤਲੜੀ ਤੱਥਾਂ ਸਮੇਤ ਗੱਲ ਕਰਦਾ ਹੈ, ਉਹ ਉਦਾਹਰਨਾਂ ਦਿੰਦਾ ਹੈ। ਉਹ ਨਾਇਜੇਰੀਆ

ਦੀਆਂ ਕਈ ਐਸੀਆਂ ਕੌਮਾਂ ਬਾਰੇ ਲਿਖਦਾ ਹੈ ਜਿੱਥੇ ਕੰਵਾਰੇ ਜਾਂ ਮੰਗੇ ਹੋਏ ਜੋੜੇ ਇਕੱਠੇ ਰਹਿੰਦੇ ਹਨ। ਇਸ ਦੌਰਾਨ ਜੇ ਬੱਚਾ ਪੈਦਾ ਹੋ ਜਾਵੇ ਤਾਂ ਖ਼ੁਸ਼ੀ ਮਨਾਈ ਜਾਂਦੀ ਹੈ ਕਿਉਂਕਿ ਪਤੀ ਨੂੰ ਪਤਨੀ ਦੇ ਨਾਲ ਨਾਲ ਬੱਚੇ ਦੀ ਕੀਮਤ ਵੀ ਅਦਾ ਕਰਨੀ ਪੈਂਦੀ ਹੈ। ਜੇ ਉਸਦੀ ਮੰਗੇਤਰ ਕੋਲ ਕਿਸੇ ਹੋਰ ਮਰਦ ਦਾ ਬੱਚਾ ਪੈਦਾ ਹੋ ਜਾਵੇ ਤਾਂ ਰਿਸ਼ਤਾ ਟੁੱਟਦਾ ਨਹੀਂ, ਮੰਗੇਤਰ ਬੱਚੇ ਨੂੰ ਆਪਣੀ ਮਲਕੀਅਤ ਸਮਝ ਕੇ ਕਬਜ਼ਾ ਕਰਦਾ ਹੈ।

ਪ੍ਰੀਤਲੜੀ ਕਦੇ ਨਿਊਟਨ ਅਤੇ ਕਦੇ ਡਾਰਵਿਨ ਦੁਆਰਾ ਕੀਤੀਆਂ ਗਈਆਂ ਇਜ਼ਾਦਾਂ ਦੇ ਆਧਾਰ ’ਤੇ ਮਨੁੱਖ ਨੂੰ ਬ੍ਰਹਿਮੰਡ ਦੀ ਮਹਾਨ ਸ਼ਕਤੀ ਦਾ ਅਤੇ ਪਸਾਰੇ ਦਾ ਇੱਕ ਛੋਟਾ ਜਿਹਾ ਅੰਸ਼ ਦਰਸਾਉਂਦਾ ਹੈ। ਉਸ ਅਨੁਸਾਰ ਇਸ ਜੀਵਨ ਨੂੰ ਚੰਗਿਆਂ ਬਣਾਉਣ ਅਤੇ ਕੁਦਰਤ ਦੀਆਂ ਤਾਕਤਾਂ ਨੂੰ ਸਮਝ ਕੇ ਮਨੁੱਖ ਦੇ ਸੁੱਖ ਲਈ ਵਰਤਣਾ ਹੀ ਜੀਵਨ-ਜਾਚ ਆਖਿਆ ਜਾ ਸਕਦਾ ਹੈ। ਪ੍ਰੀਤਲੜੀ ਸੋਹਣੇ ਮਨੁੱਖੀ ਜੀਵਨ ਲਈ ਇਹ ਸੁਝਾਓ ਦਿੰਦਾ ਹੈ ਕਿ ਸ਼ਾਂਤੀ ਜ਼ਿੰਦਗੀ ਦੇ ਆਲੇ-ਦੁਆਲੇ ਨਾਲ ਇੱਕਸੁਰਤਾ ਵਿੱਚ ਹੈ।

‘ਜੇ ਮੁੜ ਜੀਵਨ ਮੈਂ ਜਿਉਂ ਸਕਾਂ’ ਕਾਵਿਕ ਸਿਰਲੇਖ ਵਾਲੇ ਇਸ  ਲੇਖ ਵਿੱਚ ਉਹ ਜੀਵਨ ਦੇ 38  ਸਿਧਾਂਤਾਂ ਦੀ ਇੱਕ ਲੰਬੀ ਸੂਚੀ ਦਿੰਦਾ ਹੈ। ਉਹ ਇਸ ਲੇਖ ਵਿੱਚ ਵੱਖ ਵੱਖ ਸਿਰਲੇਖਾਂ ਹੇਠ ਬਚਪਨ, ਪਹਿਲੀ ਜਵਾਨੀ, ਵਿਆਹ, ਜੇ ਇਸਤਰੀ ਹੋਵਾਂ ਦੀ ਗੱਲ ਕਰਦਾ ਹੈ। ਇਹ ਲੇਖ ਕਾਫ਼ੀ ਲੰਬਾ ਹੈ,  ਜੋ ਅਠਾਰਾਂ ਸਫ਼ਿਆਂ ਵਿੱਚ ਫੈਲਿਆ ਹੋਇਆ ਹੈ। ਆਪਣੇ 38  ਸਿਧਾਂਤਾਂ ਰਾਹੀਂ ਉਹ ਲਿਖਦਾ ਹੈ–

1. ਦੂਜਿਆਂ ਦੀ ਕਾਮਯਾਬੀ ਵਿੱਚ ਓਨ੍ਹਾਂ ਹੀ ਖ਼ੁਸ਼ ਹੋਣਾ ਸਿੱਖੋ ਜਿੰਨਾ ਆਪਣੀ ਵਿੱਚ।
2. ਇਕਰਾਰ ਪੂਰੇ ਕੀਤੇ ਬਿਨ੍ਹਾਂ ਚਾਲ ਚਲਣ ਤਕੜਾ ਨਹੀਂ ਹੋ ਸਕਦਾ।
3. ਜ਼ਿੰਮੇਵਾਰੀ ਲੈ ਸਕਣ ਦੀ ਦਲੇਰੀ ਚਾਲ ਚਲਣ ਨੂੰ ਤਕੜਾ ਕਰਦੀ ਹੈ।
4. ਭਾਵੇਂ ਤੂੰ ਕੇਡਾ ਵੀ ਸਿਆਣਾ ਹੋ ਜਾਏਂ, ਅਜੇ ਹੋਰ ਬਹੁਤ ਕੁਝ ਸਿੱਖਣ ਵਾਲਾ ਹੈ।

ਇਸ ਪੁਸਤਕ ਵਿੱਚ ਉਹ ਰਾਮੋਲ ਨਾਮੀ ਇੱਕ ਪੁਸਤਕ ਵਿਚੋਂ ਅਨੁਵਾਦ ਦਿੰਦਾ ਹੈ ਅਤੇ ਇਸ ਵਿੱਚ ਪ੍ਰੀਤਲੜੀ ਦੀ ਸ੍ਵੈ-ਜੀਵਨੀ ਦੇ ਤੱਤ ਵੀ ਹਾਜ਼ਰ ਹਨ।

‘ਵਾਤਾਵਰਣ ਵਿੱਚ ਸੁੰਦਰਤਾ’ ਲੇਖ ਰਾਹੀਂ ਉਹ ਕੁਦਰਤ ਦਾ ਦ੍ਰਿਸ਼ ਚਿਤਰਨ ਕਰ ਜਾਂਦਾ ਹੈ। ਸੁਹੱਪਣ ਸਬੰਧੀ ਇੱਕ ਨਵੀਂ ਸਮਝ ਦਿੰਦਾ ਹੋਇਆ ਉਹ ਲਿਖਦਾ ਹੈ ਕਿ ਸੁਹੱਪਣ ਚੀਜਾਂ ਵਿੱਚ ਨਹੀਂ ਹੁੰਦਾ ਸਗੋਂ ਵਾਤਾਵਰਣ ਵਿੱਚ ਹੁੰਦਾ ਹੈ। ਇਸ ਲੇਖ ਰਾਹੀਂ ਉਹ ਆਪਣੇ ਆਪ ਤੋਂ ਅਤੇ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਆਲੇ-ਦੁਆਲੇ ਨੂੰ ਸਾਫ਼ ਅਤੇ ਸੁੰਦਰ ਰੱਖਣ ਦੀ ਪ੍ਰੇਰਨਾ ਦਿੰਦਾ ਹੈ।

ਸਾਫ਼ ਲੜਾਕਾ ਰਾਹੀਂ ਉਹ ਸੁਭਾਅ ਦੀ ਸਪੱਸ਼ਟਤਾ ਬਾਰੇ ਲਿਖਦਾ ਹੈ। ਉਸ ਅਨੁਸਾਰ ਸਾਫ਼ ਲੜਾਕੇ ਹੋਣਾ ਵੀ ਬੜੀ ਉੱਚੀ ਸਿਫ਼ਤ ਹੈ। ਹਰ ਕਿਸੇ ਨੂੰ ਜ਼ਿੰਦਗੀ ਵਿੱਚ ਕਈ ਵਾਰੀ ਕਿਸੇ ਨਾ ਕਿਸੇ ਦਾ ਮੁਕਾਬਲਾ ਕਰਨਾ ਪੈਂਦਾ ਹੈ। ਸਾਡੀ ਕਾਮਯਾਬੀ ਦਾ ਨਾਪ ਨਾ ਜਿੱਤ ਹੈ,  ਨਾ ਮਿਲਵਰਤਨ ਹੈ,  ਨਾ ਲੜਾਈ ਹੈ ਸਗੋਂ ਇਹਨਾਂ ਸਾਰੀਆਂ ਸਥਿਤੀਆਂ ਵਿੱਚ ਸਾਡਾ ਵਤੀਰਾ ਕੇਡਾ ਕੁ ਸਾਫ਼ ਹੈ। ਪ੍ਰੀਤਲੜੀ ਅਨੁਸਾਰ ਸਾਫ਼ ਲੜਾਈ ਵੀ ਉਹੀ ਕਰ ਸਕਦਾ ਹੈ, ਜਿਸਦੀ ਆਤਮਾ ਵਿੱਚ ਸਫ਼ਾਈ ਹੋਵੇ। ਅਸਲ ਵਿੱਚ ਦੋਸਤੀ ਦੁਸ਼ਮਣੀ ਸਭ ਸਾਡੀ ਹੀ ਸ਼ਖ਼ਸੀਅਤ ਦਾ ਪ੍ਰਕਾਸ਼ ਹੁੰਦਾ ਹੈ।

ਇਸ ਨਿਬੰਧ ਸੰਗ੍ਰਹਿ ਦੇ ਆਖ਼ਰੀ ਲੇਖ ‘ਕਲਾ ਭਾਵਨਾਵਾਂ ਦੀ ਬੋਲੀ’ ਵਿੱਚ ਉਸਨੇ ਫੇਰ ਇੱਕ ਵਾਰ ਕਲਾ ਦਾ ਗੁਣਗਾਣ ਕੀਤਾ ਹੈ,  ਉਹ ਕਲਾ ਨੂੰ ਰੂਹ ਨਾਲ ਸਬੰਧਿਤ ਕਰਦਾ ਹੈ। ਇਸ ਲੇਖ ਵਿੱਚ ਉਹ ਕਾਲੀਦਾਸ ਦੀ ਸ਼ਕੁੰਤਲਾ ਤੋਂ ਇਲਾਵਾ ਟੈਗੋਰ,  ਸ਼ੈਕਸਪੀਅਰ ਅਤੇ ਵਿਕਟਰ ਹਿਊਗੋ ਜਿਹੇ ਮਹਾਨ ਲੇਖਕਾਂ ਦਾ ਵੀ ਜ਼ਿਕਰ ਕਰਦਾ ਹੈ।

ਇਹ ਨੋਟਸ ਵੱਖ-ਵੱਖ ਖੋਜ ਪੱਤ੍ਰਿਕਾਵਾਂ,  ਡਾ. ਟੀ.ਡੀ.ਜੋਸ਼ੀ, ਡਾ. ਬੂਟਾ ਸਿੰਘ ਬਰਾੜ,ਡਾ. ਹਰਿਭਜਨ ਸਿੰਘ,  ਡਾ.  ਜਗਬੀਰ ਸਿੰਘ,  ਡਾ. ਬਿਕਰਮ ਸਿੰਘ ਘੁੰਮਣ,  ਡਾ.  ਬ੍ਰਹਮ ਜਗਦੀਸ਼ ਸਿੰਘ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਸੁਹਿੰਦਰ ਸਿੰਘ ਬੇਦੀ  ਅਤੇ ਹੋਰ ਵਿਦਵਾਨਾਂ ਦੀਆਂ ਪੁਸਤਕਾਂ ਦੀ ਮੱਦਦ ਨਾਲ ਤਿਆਰ ਕੀਤੇ ਗਏ ਹਨ।